# द्वार गुफा दे खोल जोगिया

ਧੁਨ- ਪੇਕੇ ਹੁੰਦੇ ਮਾਂਵਾਂ ਨਾਲ

ਦਵਾਰ ਗੁਫ਼ਾ ਦੇ ਖੋਲ੍ਹ ਜੋਗੀਆ ।
ਗੁਫ਼ਾ ਵਿਚੋਂ ਬੋਲ ਜੋਗੀਆ ॥,,
ਦੁਨੀਆਂ ਨੂੰ ਮੈਂ ਛੱਡ ਕੇ ਆਇਆ ॥,
ਮੱਲ੍ਹਿਆ ਤੇਰਾ ਦਵਾਰਾ ਏ,,,
ਇਸ ਜੱਗ ਅੰਦਰ, ਸੋਹਣਾ ਲੱਗਦਾ,
ਬਾਬਾ ਜੀ ਤੇਰਾ ਦਵਾਰਾ ਏ ॥
ਦਵਾਰ ਗੁਫ਼ਾ ਦੇ ਖੋਲ੍ਹ ਜੋਗੀਆ,,,

ਬਾਲਕ ਉਮਰ ਸੁਹਾਨੀ ਤੇਰੀ,
ਬਾਲਕ ਨਾਥ ਕਹਾਵੇਂ ਤੂੰ,
ਸੀਸ ਪੇ ਵਾਲ਼ ਸੁਨਹਿਰੀ ਤੇਰੇ,
"ਅੰਗ ਭਬੂਤ ਲਗਾਵੇਂ ਤੂੰ" ॥
ਗਊ ਪਾਲਕ ਰੱਖਵਾਲਾ ਸਭ ਦਾ ॥,
ਸਭ ਨੂੰ ਬੜਾ ਪਿਆਰਾ ਏ,,,
ਇਸ ਜੱਗ ਅੰਦਰ, ਸੋਹਣਾ ਲੱਗਦਾ,
ਬਾਬਾ ਜੀ ਤੇਰਾ ਦਵਾਰਾ ਏ ॥
ਦਵਾਰ ਗੁਫ਼ਾ ਦੇ ਖੋਲ੍ਹ ਜੋਗੀਆ,,,

ਉੱਚੇ ਪਰਬਤ ਲੰਬੇ ਰਸਤੇ,
ਸੁੰਦਰ ਗੁਫ਼ਾ ਨਿਆਰੀ ਏ,
ਦਿਓਟ ਸਿੱਧ ਵਿੱਚ ਵਾਸਾ ਕਰਦੇ,
"ਬਾਬਾ ਪੌਣਾਹਾਰੀ ਏ" ॥
ਸਭ ਤੋਂ ਉੱਚਾ, ਸਭ ਤੋਂ ਸੁੱਚਾ ॥,
ਤੇਰਾ ਭਵਨ ਨਜ਼ਾਰਾ ਏ,,,
ਇਸ ਜੱਗ ਅੰਦਰ, ਸੋਹਣਾ ਲੱਗਦਾ,
ਬਾਬਾ ਜੀ ਤੇਰਾ ਦਵਾਰਾ ਏ ॥
ਦਵਾਰ ਗੁਫ਼ਾ ਦੇ ਖੋਲ੍ਹ ਜੋਗੀਆ,,,

ਚੇਤ ਮਹੀਨੇ ਮੇਲਾ ਲੱਗਦਾ,
ਢੋਲਾਂ ਦੇ ਨਾਲ ਆਉਂਦੇ ਨੇ,
ਰੋਟ ਪ੍ਰਸ਼ਾਦ ਤੇ ਝੰਡੇ ਲੈ ਕੇ,
"ਗੁਫ਼ਾ ਤੇ ਆ ਕੇ ਚੜ੍ਹਾਉਂਦੇ ਨੇ" ॥
ਸਭਨਾਂ ਨੂੰ ਤੂੰ ਖੁਸ਼ੀਆਂ ਦੇਵੇਂ ॥,
ਸਭ ਨੂੰ ਤੇਰਾ ਸਹਾਰਾ ਏ,,,
ਇਸ ਜੱਗ ਅੰਦਰ, ਸੋਹਣਾ ਲੱਗਦਾ,
ਬਾਬਾ ਜੀ ਤੇਰਾ ਦਵਾਰਾ ਏ ॥
ਦਵਾਰ ਗੁਫ਼ਾ ਦੇ ਖੋਲ੍ਹ ਜੋਗੀਆ,,,

ਮਾਈ ਰਤਨੋ ਦਾ ਪਾਲੀ ਬਣਕੇ,
ਕੀਤੇ ਖੇਲ੍ਹ ਨਿਆਰੇ ਵੇ,

ਬਣਖੰਡੀ ਵਿੱਚ ਆਜਾ ਜੋਗੀਆ,
"ਤੂੰ ਮਿਲ ਜਾ ਇੱਕ ਵਾਰੇ ਵੇ" ॥
ਕੈਲਾਸ਼ ਨਾਥ ਨੇ ਆਸ ਲਗਾਈ ॥,
ਤੇਰਾ ਹੀ ਇੱਕ ਸਹਾਰਾ ਏ,,,
ਇਸ ਜੱਗ ਅੰਦਰ, ਸੋਹਣਾ ਲੱਗਦਾ,
ਬਾਬਾ ਜੀ ਤੇਰਾ ਦਵਾਰਾ ਏ ॥
ਦਵਾਰ ਗੁਫ਼ਾ ਦੇ ਖੋਲ੍ਹ ਜੋਗੀਆ,,,

ਅਪਲੋਡਰ- ਅਨਿਰਾਮੂਰਤੀਭੋਪਾਲ

https://bhajanganga.com/bhajan/lyrics/id/27395/title/dwar-gufa-de-khol-jogiya

अपने Android मोबाइल पर BhajanGanga App डाउनलोड करें और भजनों का आनंद ले |